ਕਿਤਾਬ: ਰਾਤ ਸਮੁੰਦਰ ਖੇਡ

# ਕਾਫ਼ਰ ਹੱਥਾਂ ਦੇ ਨਾਂ

ਕੀ ਖੱਟਿਆ ਅਸਾਂ ਪਹਿਲਾਂ ਪੁੱਗ ਕੇ
ਕੀ ਖੱਟਿਆ ਅਸਾਂ ਰਾਵੀ ਬਹਿ ਬਹਿ
ਕੀ ਖੱਟਿਆ ਅਸਾਂ ਲੈ ਲੈ ਤੈਂਡਾ ਨਾਂ

ਇਸ਼ਕ ਅਸਾਡਾ ਹਾਕਮ ਹੋਇਆ
ਫੁਲ ਸਾਡੀ ਹੱਥਕੜੀਆਂ

ਜਿਉਂਦਿਆਂ ਸਾਡੀ ਕੈਦ ਨਾ ਮੁੱਕੇ
ਲੱਖ ਪਏ ਕਰੀਏ ਅੜੀਆਂ।

# ਪਧਰਾੜ ਦੀ ਵਾਰ I

ਚਾਚਾ!
ਕਿਉਂ ਵੱਟਿਆਂ ਚੋਂ ਕਣਕਾਂ ਜੰਮਣ ਦੀ ਗੱਲ ਕਰ ਕੇ
ਸਾਡੀਆਂ ਅੱਖਾਂ ਕਣੀਆਂ ਕਰਦਾ ਏਂ

ਮੂਤਰ ਵਗਦੀਆਂ ਗਲੀਆਂ ਦੇ ਵਿਚ
ਕਿਹੜੇ ਭੇਤ ਦੇ ਫੁਲ ਲੱਭਦਾ ਏਂ

ਕਾਲੇ ਰੋਡ ਪਹਾੜਾਂ ਉੱਤੇ
ਟੁੱਕਰ ਕੋਈ ਨਹੀਂ
ਹਿੱਕ ਦੂਜੇ ਦੇ ਹੋਵਣ ਦੀ ਬੱਦਬੂ ਏ

ਤਿਰਖ ਕਿਹੜੀ ਆ ਵਿਹਲ ਮਰਨ ਦੀ
ਆ ਅੱਜ ਵੱਟੇ ਗਿਣ ਗਿਣ
ਓਤਰੀ ਸ਼ਾਮ ਨਿਰੋਈ ਕਰੀਏ

ਪਾਣੀ ਨਹੀਂ ਤਾਂ
ਮੂਤਰ ਦੇ ਖੂਹ ਭਰੀਏ।

* ਪਧਰਾੜ ਵਾਦੀ ਸੌਂਣ ਸਕੈਸਰ ਦਾ ਅਖ਼ੀਰੀ ਪੰਡ ਤੇ ਮੇਰੀ ਜੰਮਣ ਥਾਂ ਏ

## ਕਲ ਆਵਣ ਵਾਲੇ ਦੁਖ ਦੇ ਨਾਂ

ਅੱਜ ਵੀ ਨਵਾਂ ਨਿਕੋਰ ਦਿਹਾੜਾ
ਸਾਡੇ ਹੱਥੋਂ ਮੇਲਾ ਹੋਈਆ
ਘਾਹ ਭੋਏਂ ਨਾਲ ਰਲ ਮਿਲ ਬਹਿ ਕੇ
ਅੱਜ ਰਾਤੀਂ ਅਸਾਂ ਔਖੀ ਰਾਤ ਟਪਾਈ
ਖ਼ਾਬ ਭੜੋਲੇ ਭਰਨ ਦਾ ਸੋਚ ਕੇ ਰੁੰਨੇ
ਹਿੱਕ ਦੂਜੇ ਵਲ ਤੱਕ ਕੇ ਹੱਸੇ
ਸੋਚਿਆ ਸੀ
ਐਵੇਂ ਰਾਤ ਟਪਾਈ ਜਾ ਸਕਦੀ ਏ
ਪਰ ਨਹੀਂ ਟੱਪਦੀ
ਕਲ ਦੇ ਦੁਖ ਪੱਕ ਹੋਵਣ ਤਾਂ
ਅੱਜ ਦੇ ਦੁਖ ਨਹੀਂ ਲੰਘਦੇ
ਭਾਵੇਂ ਤੈਂਡੇ ਸਾਂਗੇ ਹੋਵਣ

# ਕੂਫ਼ੇ ਵਿਚ ਹਿੱਕ ਹੋਰ ਰਾਤ

ਹਾਲਾਂ ਤਾਈਂ ਇੰਜ ਲਗਦਾਏ
ਸਾਡੇ ਅੰਦਰਾਂ ਦੇ ਵਿਚ
ਕਲਮਾ ਵੀ ਨਹੀਂ ਪੂਰਾ ਹੋਇਆ
ਇੰਜ ਲਗਦਾਏ
ਸਾਡੀਆਂ ਨਾੜਾਂ ਦੇ ਵਿਚ
ਬਜਰੀ ਟੁਰਦੀ ਫਿਰਦੀ
ਇਹ ਗਲੀਆਂ ਜਿਥੋਂ ਅੱਜ ਰਾਤੀਂ ਅਸਾਂ ਲੰਘਣਾ
ਸਾਨੂੰ ਲੰਘਣ ਨਾ ਦੇਸਣ
ਸੁਣ ਵੇ ਸੱਜਣਾ!
ਅੱਜ ਰਾਤੀਂ ਅਸੀਂ ਆਪਣੇ ਕੋਈ ਨਾ
ਸਾਡੇ ਹੱਥ ਦੁਸ਼ਮਣ ਦੇ ਹੱਥ ਨੇਂ
ਪੈਰ ਨੇਂ ਕੂਫ਼ੇ ਵਰਗੇ
ਅੱਜ ਰਾਤੀਂ ਸਾਡਾ ਹਾਣੀ ਕੋਈ ਨਾ
ਸੱਭ ਨੇਂ ਤੇਰੇ ਵਰਗੇ

# ਪੂਣੀ ਪੂਣੀ ਰਾਤ

ਕਦੀ ਦਾਂਦ ਪੰਜਾਲੀ ਪਾ ਪਾ ਹੱਸਣ
ਜ਼ਿੰਮੀਂ ਰੋਵੇ
ਮੰਜੀ ਉੱਤੇ ਬਹਿਣ ਨਾ ਹੋਵੇ
ਢਿੱਡ ਖ਼ਾਲੀ ਰਹਿ ਵੰਜਣ
ਵਾਅ ਦੀਆਂ ਖਿੱਲਰੇਆਂ ਵਾਲਾਂ ਵਿਚੋਂ
ਖਿਨਡਦੇ ਇਸ਼ਕ ਨੂੰ
ਕਿਹੜਾ ਸੀਨੇ ਲਾਵੇ?
ਵੇੜ੍ਹੇ ਦੇ ਵਿਚ
ਚੰਨ ਦਾ ਡੀਵਾ ਬਾਲ ਕੇ ,
ਚਰਖ਼ਾ ਕੱਤਣ ਆਲੇ ਹੱਥ
ਮਜ਼ਦੂਰਾਂ ਵਾਂਗਰ ਪੂਣੀ ਪੂਣੀ ਰੋਵਣ
ਜਦੋਂ ਖ਼ਾਬ ਸਿਰਹਾਣੇ ਥੱਲੇ ਰੱਖ ਕੇ
ਲੋਕੀ ਬੁੱਢੇ ਹੋਵਣ

# ਦਿਨ ਦਰਿਆ ਪਿਆ ਵਗੇ

ਸਾਡੇ ਮੂੰਹ ਨਹੀਂ ਵੇਖਣੇ
ਨਿਤ ਮੋਇਆਂ ਦੇ ਮੂੰਹ ਨਹੀਂ ਹੁੰਦੇ
ਸੁੱਕੀਆਂ ਅੰਦਰ ਕਣੀਆਂ ਦੀ ਖ਼ੁਸ਼ਬੂ ਨਹੀਂ ਹੁੰਦੀ
ਸੱਜ ਰੁਨੀਆਂ ਦੀਆਂ ਅੱਖਾਂ ਦੇ ਵਿਚ ,
ਧੁੱਪ ਨਹੀਂ ਹੁੰਦੀ
ਛਾਂ ਹੁੰਦੀ ਏ
ਛਾਂ ਵਿਚ ਉਮਰਾਂ ਸਾੜ ਕੇ
ਅਪਣੀ ਗਿਣਤੀ ਭੁਲ ਜਾਵੇ ਤੇ
ਅੰਦਰਾਂ ਦੇ ਵਿੱਚ ਘਾਹ ਜਮਦੇ ਨੇਂ
ਗੁਦੜਾਂ ਵਿਚੋਂ ਸਾਹ ਲੱਭਦੇ ਨੇਂ

# ਖ਼ੁੱਸ਼ ਆਬ

ਮੈਂ ਪਾਣੀ ਦਰਿਆਵਾਂ ਦਾ
ਅਤੇ ਸੂਰਜ ਮੈਂਡੇ ਨੈਣ
ਮੈਂਡੇ ਕੋਲ ਪੁਰਾਣੇ ਕਿੱਸੇ
ਪਏ ਲਫ਼ਜ਼ ਜ਼ਬਾਨੋਂ ਢੈਣ
ਮੇਂ ਪੁੱਤਰ ਉੱਸ ਮਾਂ ਧਰਤੀ ਦਾ
ਜਿੱਥੇ ਰਾਤੀਂ ਫੂੜੀ ਉੱਤੇ
ਭੁੱਖੇ ਸੋਂਦੇ ਵੈਣ

ਖ਼ੁਸ਼ਾਬ ਮੇਰਾ ਜੰਮਣ ਜ਼ਿਲ੍ਹਾ

# ਕੱਚੇ ਦਿਲ ਦੀ ਤਸਬੀ੍

ਕਿਹੜੇ ਟੇਮ
ਅੱਸੀਂ ਆਪਣੇ ਆਪ ਨੂੰ ਪੜ੍ਹਦੇ
ਅੱਧੀ ਉਮਰ ਕਿਤਾਬਾਂ ਪੜ੍ਹਦਿਆਂ ਪੜ੍ਹਦਿਆਂ ਮੁੱਕ ਗਈ
ਅੱਧੀ ਉਮਰ ਲਕੀਰਾਂ
ਖ਼ਾਲੀ ਹੱਥਾਂ ਦੇ ਨਾਲ ਰੋਟੀ ਟੁੱਕਰ ਕੀਤਾ
ਕੱਚੇ ਦਿਲ ਨਾਲ ਪੱਕੇ ਇਸ਼ਕ ਦੀ ਤਸਬੀ੍ ਕੀਤੀ
ਖ਼ਾਲੀ ਖ਼ਾਲੀ ਖ਼ਲਕਤ ਦੇ ਵਿਚ
ਖ਼ਾਲੀ ਖ਼ਾਲੀ ਹੰਝੂ ਰੁਨੇ
ਅੱਸੀਂ ਪੂਰੇ ਰਹੇ ਨਾ ਮੁੰਨੇ

# ਰਾਤ ਤੇ ਅੱਸੀਂ ਹਾਣੀ

ਰਾਤ ਕਰੇ ਮਜ਼ਦੂਰੀ
ਨੰਗ ਮੁਨੰਗੇਆਂ ਦੀ
ਦਿਨ ਹਾਕਮ ਪਿਆ ਹੱਸੇ
ਰੱਜ ਭੁੱਖੀਆਂ ਕੌਂ
ਭੁਖ ਰੱਜੀਆਂ ਕੌਂ ਖੁੱਸੇ
ਸੁੱਕੀਆਂ ਅੱਖੀਆਂ ਨੂੰ
ਭਰਨ ਨਾ ਦੇਵੇ ਪਾਣੀ
ਰਾਤ ਕਰੇ ਮਜ਼ਦੂਰੀ
ਉੱਚੀਆਂ ਝਿਕੀਆਂ ਦੀ
ਦਿਨ ਪਿਆ ਕਰੇ ਨਿਤਾਰੇ
ਵੱਖ ਵੱਖ ਸੋਚ ਕੇ ਤਾਰੇ
ਹਿੱਕ ਮਿੱਟੀ ਦੇ ਜਮਿਆਂ ਨੂੰ
ਕੌਣ ਕਰੇ ਮਜ਼ਦੂਰੀ
ਰੰਗ ਬਰੰਗੀਆਂ ਦੀ

# ਸੜਕਾਂ ਉੱਤੇ

ਮੌਸਮ ਦਾ ਇਤਬਾਰ ਨਹੀਂ ਹੁੰਦਾ
ਫ਼ੁੱਟ ਪਾਥਾਂ ਤੇ ਫੁਲ ਨਹੀਂ ਖਿੜਦੇ
ਸੜਕਾਂ ਉੱਤੇ ਹਿੱਕ ਦੂਜੇ ਦੀ ਲੋੜ ਨਹੀਂ ਹੁੰਦੀ

# ਹਯਾਤੀ ਦਰਬਾਰ

ਸਾਡੀਆਂ ਉਮਰਾਂ ਇੰਜ ਨਹੀਂ ਲੰਘੀਆਂ
ਜਿਵੇਂ ਸਾਡੇ ਮੂੰਹ ਦਿਸਦੇ ਨੇਂ
ਵੱਖਰੀ ਓਖ ਸੀ
ਗਲੀਆਂ ਵਿਚ ਦਰਬਾਰ ਬਣਨ ਤੇ ਮੰਗਣਾ
ਵੱਖਰੀ ਮੌਤ ਸੀ
ਆਪਣੇ ਨਾਲ ਪਰ੍ਰੋਣੇ ਘਿਨ ਕੇ
ਦੁਸ਼ਮਣ ਭੋਏਂ ਤੇ ਵਸਣਾ

# ਇੱਕ ਕਵਿਤਾ

ਇਸ ਧਰਤੀ ਤੇ
ਜਿੱਥੇ ਕਦੀ
ਅਪਣੀ ਥਾਂ ਵੀ ਮਿਲਣ ਨਹੀਂ ਹੁੰਦੀ
ਹਿੱਕ ਦਿਨ ਅੱਸਾਂ
ਰੀਲਿੰਗ ਤੇ ਹੱਥ ਰੱਖ ਕੇ
ਬਾਲਕੋਨੀ ਵਿਚ ਚਾਵਾਂ ਪੀ ਕੇ
ਸਿਗਰਟ ਦੇ ਕੱਸ਼ ਘਿਨ ਕੇ
ਹਰ ਸ਼ੈਅ ਅਪਣੀ ਕਰ ਲਈ

# ਮੈਂ ਜਿਹੜਾ ਗੀਤ ਕਿੰਨੀਆਂ ਦੇ ਹਵਾਲੇ ਕੀਤਾ

ਦਸ ਸੱਜਣਾ !
ਤੈਨੂੰ ਕਿਹੜੇ ਖ਼ਾਬ ਨਿਸ਼ਾਨੀ ਕਰੀਏ
ਕਿਹੜੇ ਤੈਂਡੀ ਵੀਣੀ ਦੇ ਨਾਲ ਬੰਨ੍ਹੀਏ
ਜੇ ਤੋਂ ਸਾਨੂੰ ਵਗਦੀ ਵਾਅ ਇਚ ਲਭੇਂ
ਜੇ ਤੈਨੂੰ ਅੱਸੀਂ ,
ਚਾਅ ਦੇ ਕੱਪ `ਚ ਦਿਸੀਏ

## ਇਹ ਪਾਣੀ ਸਾਡਾ ਕੋਈ ਨਾ

ਚੱਲ ਹੋਰ ਸਮੁੰਦਰ ਤਾੜ ਵੇ
ਇਹ ਪਾਣੀ ਸਾਡਾ ਕੋਈ ਨਾ
ਸਾਨੂੰ ਸੜਕਾਂ ਉੱਤੇ ਮਾਰ ਵੇ
ਇਹ ਗਲੀਆਂ ਸਾਡੀਆਂ ਕੋਈ ਨਾ
ਸਾਡੇ ਅੰਦਰ ਵਗਦਾ ਕੂੜ
ਕਰੀਂ ਤਾਂ ਸੱਚਾ ਕਰ ਵੇ
ਸਾਡੇ ਸੁੱਕੇ ਸਾਵਣ ਭਰ ਵੇ

# ਰਾਤ

ਇਹ ਰਾਤ
ਅਸਾਡੇ ਦਿਲ ਵਿਚ ਸ਼ਾਮ ਕਰੇਸੀ

# ਨਵਾਂ ਕਹਾਣੀ ਕਾਰ

ਅਸੀਂ ਇੱਥੇ ਐਵੇਂ ਨਹੀਂ ਆਏ
ਕਹਾਣੀ ਕਰਨ ਆਏ ਆਂ
ਪਰ ਜ਼ਰੂਰੀ ਨਹੀਂ
ਵਈ ਕਹਾਣੀ ਕਰੀਏ ਵੀ
ਸਾਡੇ ਕੋਲ ਜੇ ਕਹਿਣ ਜੋਗਾ ਬਹੁਤ ਕੁੱਝ ਏ
ਤਾਂ ਨਾ ਕਹਿਣ ਜੋਗਾ ਵੀ ਢੇਰ ਏ
ਅਸੀਂ ਜੇ ਆਪਣੇ ਅੱਖਰਾਂ ਵਿੱਚੋਂ ,
ਦਿਨ ਨਹੀਂ ਚਾੜ੍ਹ ਸਕਦੇ
ਤਾਂ ਹੱਥਾਂ ਉੱਤੇ ਰਾਤ ਤਾਂ ਡੱਕ ਸਕਦੇ ਆਂ
ਭਾਵੇਂ ਅੱਖਰ ਈ ਸਾਡੇ ਹੱਥ ਹੋਵਣ

# ਕਦੀ ਕਦੀ

ਹੱਥ ਸਾਡੀਆਂ ਅੱਖਾਂ ਨੇਂ
ਪਰ ਕਦੀ ਕਦੀ
ਹੱਥ ਬੱਸ ਹੱਥ ਈ ਨਹੀਂ
ਬਲਕੇ ਕਈ ਕਈ ਵਾਰਤਾਂ ਅੱਸੀਂ ਵੀ ,
ਉਹ ਨਹੀਂ ਹੁੰਦੇ
ਜਿਹੜੇ ਕਿ ਅਸੀਂ ਹੈ ਵਾਂ
ਅਤੇ ਕਦੀ ਕਦੀ ਤਾਂ ,
ਸਾਨੂੰ ਤੇਰੀ ਵੀ ਲੋੜ ਨਹੀਂ ਹੁੰਦੀ

# ਯਾਦਾਂ ਦੇ ਗੁਲਾਬੀ ਮੋਰ

ਸਵੇਰੇ ਅੱਸਾਂ ,
ਤੇਂਡੀਆਂ ਅੱਖਾਂ ਦੀ ਜ਼ਿਆਰਤ ਨੂੰ ਜਾਣਾ ਸੀ
ਮਿਲਣ ਦੇ ਗੁਲਾਬੀ ਮੋਰ ਨਾਲ ਲੈ ਕੇ
ਪਰ ਸਾਰਾ ਦਿਨ ਅੱਸੀਂ ਉਸ ਬੈਂਚ ਤੇ ,
ਕਿਲ੍ਹੇ ਬੈਠੇ ਰਹੇ
ਜਿਸ ਉੱਤੇ ਸਾਨੂੰ ,
ਇਸ਼ਕ ਮੁੱਕਣ ਤੋਂ ਬਾਦ ਬਹਿਣਾ ਚਾਹੀਦਾ ਸੀ

# ਚਿੱਠੀ

ਮੈਂ ਤਾਂ
ਉਵੇਂ ਈ ਆਂ
ਜਿਵੇਂ ਤੂੰ ਛਡ ਗਈ ਸੈਂ
ਪਰ ਕਮਰਾ ਉਂਜ ਨਹੀਂ ਏ
ਮੇਜ਼ ਉੱਤੇ ਪਈ ,
ਅੱਧ ਖੁੱਲੀ ਕਿਤਾਬ ਬੰਦ ਹੋ ਗਈ ਏ
ਕੰਧ ਉੱਤੇ ਨਵਾਂ ਕੈਲੰਡਰ ਲੱਗ ਗਿਆ ਏ
ਤੇ ਲਾਣ ਆਲੀ ਬਾਰੀ ਜਿੜੀ ਕੇ ਬੰਦ ਸੀ
ਖੁੱਲ ਗਈ ਏ
ਅਤੇ ਪਲੰਗ ਉੱਤੇ ਉਹ ਥਾਂ,
ਜਿੱਥੇ ਤੋਂ ਸੋਂਦੀ ਸੈਂ
ਉਥੇ ਹੁਣ ਕੋਈ ਹੋਰ ਸੁੱਤਾ ਪਿਆ ਏ

* ਖ਼ਿਆਲ ਅਮਰੀਕੀ ਸ਼ਾਆਰਾ "ਜੇਨੀਫ਼ਰ ਬਾਰਬਰ ਦੀ ਕਵੀਤਾ", "ਆ" (ਤਰਜਮਾ ਇਰਫ਼ਾਨ ਮੁਲਕ "ਨੂਨ ਗ਼ਨਾਂ) ਤੋਂ ਟੁਰੀਆ।

# ਮਿੱਟੀ ਤੋਂ ਮਿੱਟੀ ਤਾਈਂ

ਮਿੱਟੀ ਸਾਡੀ ਕਹਾਣੀ ਤਾਂ ਨਹੀਂ ਸੀ
ਪਰ ਬਣਾ ਦਿੱਤੀ ਗਈ
ਤੇ ਪਾਣੀ ਸਾਡਾ ਕਿਰਦਾਰ ਕਦੀ ਨਹੀਂ ਸੀ
ਪਰ ਬਣਿਆ
ਅਤੇ ਅਸੀਂ ਇੰਜ ਦੇ ਕਦੀ ਨਹੀਂ ਬਣ ਸਕੇ
ਜਿਵੇਂ ਦੇ ਅਸੀਂ ਹੈਂ ਵਾਂ

# ਪਾਕਿਸਤਾਨ

ਤੁਸੀਂ ਆਪਣੇ ਬਾਲ ਲੁਕਾ ਲਉ
ਹੱਥ ਹਿੱਕ ਦੂਜੇ ਦੇ ,
ਹੱਥਾਂ ਵਿਚੋਂ ਕੱਢ ਦਿਓ
ਅਪਣੀਆਂ ਅੱਖਾਂ ਬੰਦ ਕਰ ਲੋ
ਤੇ ਕੰਨ ਵੀ
ਤਾ ਕਿ ਸ਼ਿਵ ਸ਼ੁਰੂ ਕਿਤਾ ਜਾਏ

# ਇਸ਼ਕ

ਇਹ ਦਰਿਆ
ਪਹਿਲਾਂ
ਸਾਡੇ ਬੂਹੇ ਅੱਗੇ
ਵਗਦਾ ਹਾ !

ਕਿਤਾਬ: ਵੀਣੀ ਲਿਖਿਆ ਦਿਨ

ਕਿਉਂ ਨਹੀਂ ਮੱਥੇ ਲਿਖਿਆ ਮੀਂਹ
ਸਾਡੇ ਅੰਦਰਾਂ ਦੇ ਵਿਚ ਵਰ੍ਹਦਾ।

## ਘੱਲ ਧੁੱਪਾਂ ਅਸਮਾਨੀਂ

ਸੇਜਲ ਅੰਦਰੋ-ਅਮਦਰੀਂ ਮੌਲ਼ਾ
ਘੱਲ ਧੁੱਪਾਂ ਅਸਮਾਨੀਂ
ਘੱਲ ਮਿੱਟੀ ਤੇ ਮਿੱਟੀ ਵਰਗੇ ਲੋਕ
ਅਰਸ਼ਾਂ ਉੱਪਰ ਅਰਸ਼ਾਂ ਵਾਲੇ ਚੰਗੇ
ਮੌਲ਼ਾ ਸਾਈਂ!
ਘੱਲ ਤੂੰ ਸਾਡੀਆਂ ਅੱਖਾਂ ਅੰਦਰ
ਜਾਗਣ ਦੀ ਖ਼ੁਸ਼ਬੋ
ਜੋ ਧਰਤੀ 'ਤੇ ਸੁੱਤਿਆਂ ਅੰਦਰ
ਜਾਗ ਕਹਾਣੀ ਕਰੀਏ
ਮੌਸਮ ਸਾਵੇ
ਰੁੱਤਾਂ ਪੁਰਾਣੀਆਂ ਕਰੀਏ

# ਸਾਹਵਾਂ ਵਿਚ ਤ੍ਰਾਹ

ਬੂਹੇ ਅੰਦਰ ਬੂਹੇ ਇੱਥੇ
ਕੰਧਾਂ ਉੱਤੇ ਕੰਧ
ਬੰਦੇ ਅੰਦਰ ਬੰਦਾ ਲੁਕਿਆ
ਪੈਰਾਂ ਉੱਤੇ ਪੈਰ
ਮੱਥੇ ਦੇ ਵਿਚ ਪੈਂਡੇ ਵਸਦੇ
ਸਾਵ੍ਹਾਂ ਵਿਚ ਤ੍ਰਾਹ
ਅੱਖਾਂ ਵਿਚ ਹਨੇਰੀ ਸੁੱਤੀ,
ਫ਼ਜਰੀਂ ਜਾਗ ਪਈ ਤਾਂ
ਸ਼ਾਮਾਂ ਹੁੰਦਿਆਂ ਦੇਰ ਨਹੀਂ ਲੱਗਣੀ ਇੱਥੇ!

## ਬੋਲੇ ਰਾਤ ਸਿਆਲ਼

ਤੈਂਡੇ ਵਾਲ ਪਏ
ਸਾਡੇ ਮੋਢਿਆਂ 'ਤ ਹੱਸਦੇ
ਅੱਖਾਂ ਤੈਂਣਿਆਂ ਨਿੰਮੀ-ਨਿੰਮੀ ਲੌ ਨਾਲ ਭਖਦੀਆਂ
ਨੱਚ-ਨੱਚ ਪੈਂਦੇ ਗੋਰੇ ਗੋਰੇ ਪੈਰ
ਸੁਫ਼ਨੇ ਚੜ੍ਹ ਚੜ੍ਹ ਕੰਧੀਂ ਤੱਕਦੇ
ਲੱਕ ਤੈਂਡੇ ਨਾਲ,
ਸੱਜੇ-ਖੱਬੇ ਹੋਂਦਾ ਕੁੱਲ ਅਸਮਾਨ
ਅਸੀਂ ਕੋਲ ਖਲੋਤੇ
ਵੰਗਾਂ ਤੈਂਡੀਆਂ ਦੇ ਨਾਲ ਛਣ-ਛਣ ਕਰੀਏ
ਅੜੀਏ!
ਲਾਲ ਪਰਾਂਦੇ ਦੇ ਨਾਲ ਬੰਨ੍ਹ ਕੇ
ਲੈ ਜਾ ਸਾਨੂੰ ਨਾਲ!

## ਨੀ ਮਾਏ!

ਨੀ ਮਾਏ ਹੁਣ ਭੀੜ ਲੈ ਬੂਹਾ
ਪੈ ਗਈਆਂ ਨੇ ਸ਼ਾਮਾਂ
ਬੇਹ ਜਾ ਅੰਦਰ ਮੰਜੀ ਉੱਤੇ
ਖੋਲ੍ਹ ਕੇ ਚਿੱਟੇ ਵਾਲ
ਮੈਂ ਨਹੀਂ ਆਉਣਾ!

ਮੇਜ਼ ਉੱਤੇ ਮੈਂ ਛੱਡ ਆਇਆ ਸਾਂ
ਅੱਧ ਖੁੱਲ੍ਹੇ ਅਖ਼ਬਾਰ,
ਕੱਚੀਆਂ-ਪੱਕੀਆਂ ਯਾਦਾਂ,
ਨੱਸਦੇ ਭਜਦੇ ਸਾਹ
ਰੱਖ ਦੇਵੀਂ ਉਹ ਸ਼ੈਲਫ਼ਾਂ ਅੰਦਰ
ਤੇ ਮੈਨੂੰ ਨਾ ਲੱਭੀਂ
ਮੈਂ ਨਹੀਂ ਲੱਭਣਾ
ਗਲੀਆਂ, ਮੁਲਕਾਂ, ਖ਼ਾਬਾਂ ਅੰਦਰ
ਵਾਵ੍ਹਾਂ ਦੇ ਹੱਥ
ਕੋਈ ਚਿੱਠੀ ਨਾ ਘੱਲੀਂ ਮੈਂਡੇ ਨਾਂ ਦੀ
ਪੱਖੂ ਵਾਪਿਸ ਆਉਂਦੇ ਤੱਕ ਕੇ
ਪੀੜ ਲੁਕਾਇਣ ਹਾਂਹ ਦੀ

# ਦਿਨ ਲਭਦੇ ਆਪ ਗਵਾਚੇ

ਦੱਸ ਸੱਜਣਾ!
ਤੈਂਡੇ ਨਾਂ ਦਾ ਕਿਹੜਾ ਗਾਵਣ ਗਾਈਏ
ਕਿਸ ਦਾ ਖ਼ਾਬ ਬਣਾਈਏ
ਅੱਖਾਂ ਸਾਡੀਆਂ ਖ਼ਾਲੀ
ਬਾਵ੍ਹਾਂ ਦੇ ਵਿਚ ਲੁਗੀਆਂ ਰਾਤਾਂ
ਹੋਰਾਂ ਦੇ ਹੱਥ ਸਾਹ
ਕੱਖ ਨਹੀਂ ਸਾਡੇ ਪੱਲੇ
ਜਿਹੜੇ ਦਿਨ,

ਅਸਾਂ ਤੈਂਡੇ ਵਾਸਤੇ ਸਾਂਭ ਕੇ ਰੱਖੇ
ਦਫ਼ਤਰਾਂ ਵਿਚ ਖਰਚਿ ਗਏ
ਅਸੀਂ ਆਪ ਕਹਾਣੀ ਥੀ ਗਏ।

# ਵੈਣ

ਬਹੁੰ ਦੂਰ ਹੋਇਆ ਤੈਂਡਾ ਘਰ
ਹੱਥ ਪੈਰ ਪਰਾਏ ਸਾਡੇ
ਸਾਨੂੰ ਟੁਰਨ ਨਾ ਦੇਂਦਾ ਜਗ।

ਝੇਲਾ ਕੋਈ ਮਾਖੀ ਨਹੀਂ

ਨਹੀਂ ਮੁੱਕਣੇ
ਅੱਜ ਪੈਂਡੇ ਬੁੱਢੀ ਵਾਅ ਦੇ
ਨਹੀਂ ਲੱਥਣੇ
ਅੱਜ ਤਵਿਆਂ ਉੁੱਤੋਂ ਤੱਰੇ
ਇਸ ਵੇਲੇ
ਨਹੀਂ ਕੰਨਾਂ ਦੇ ਵਿਚ ਪੈਣੀਆਂ
ਬਾਂਗਾਂ ਸ਼ਹਿਰ ਦੀਆਂ
ਇਸ ਵੇਲੇ ਨਹੀਂ ਰੱਖਿਆ ਜਾਣਾ
ਸੂਰਜ ਚੰਨ ਦੇ ਮੋਢੇ
ਇਸ ਵੇਲੇ
ਨਹੀਂ ਟੱਪਿਆ ਜਾਣਾ ਬੂਹਾ ਆਪਣੇ ਘਰ ਦਾ
ਅੱਜ ਵੇਲਾ ਨਹੀਂ
ਜਾਗਦੇ ਹੋਇਆਂ ਲੰਘਣਾ

## ਯਾਦਾਂ

ਅਸਾਂ ਗ਼ੁਲਦਾਨਾਂ ਵਿਚ
ਯਾਦਾਂ ਕੀਤੀਆਂ ਵੱਡੀਆਂ
ਅਸੀਂ ਬੁਕ-ਸ਼ੈਲਫ਼ਾਂ ਵਿਚ
ਰੱਖ ਕੇ ਭੁੱਲ ਗਏ ਖ਼ਾਬ

# ਅਸੀਂ ਰੋਜ਼ ਕਰੰਸੀ ਰੋਈਏ

ਅਸੀਂ ਧੁੱਪ ਦੀ ਬਾਰਿਸ਼ ਹੋਈਏ
ਤੈਂਡਿਆਂ ਨੈਣਾਂ ਵਿਚ
ਅਸੀਂ ਤੈਨੂੰ ਵਾਜਾਂ ਮਾਰੀਏ
ਰੋਜ਼ ਅਜ਼ਾਨਾਂ ਵਿਚ
ਅਸੀਂ ਚਿੜੀਆਂ ਬਣ ਕੇ ਉੱਡੀਏ
ਕਾਲੀਆਂ ਕਾਨਾਂ ਵਿਚ
ਅਸੀਂ ਆਪਣੇ ਖ਼ਾਬ ਲੁਕੋਈਏ
ਇਸ਼ਕ ਮਕਾਨਾਂ ਵਿਚ
ਅਸੀਂ ਰੋਜ਼ ਕਰੰਸੀ ਰੋਈਏ
ਬੈਂਕ ਦੁਕਾਨਾਂ ਵਿਚ

# ਵਿਰਾਗ

ਓਦਰ ਗਏ ਤੈਂਡੀ ਦੀਦ ਲਈ
ਕਦਿ ਦਸਿ ਸਾਡੇ ਅਸਮਾਨੀਂ
ਤੀਲਾ-ਤੀਲਾ ਫ਼ਸਲਾਂ ਹੋਈਆਂ
ਉੱਚੇ-ਉੱਚੇ ਘਾਹ
ਅੱਥਰੂ-ਅੱਥਰੂ ਵੇੜ੍ਹੇ ਹੋਏ
ਮਿੱਟੀ-ਮਿੱਟੀ ਰਾਹ
ਇੰਜ ਟੁੱਟੇ ਨੇ ਸਾਂਗੇ ਸਾਡੇ
ਜਿਵੇਂ ਟੁਟਦੇ ਸਾਹ
ਇੰਜ ਪਰਦੇਸੀ ਹੋਇਓਂ ਢੋਲਾ
ਜਿਵੇਂ ਬੋਲ ਸਮੁੰਦਰ
ਇੰਜ ਲੁਟੇ ਅਸੀਂ ਬਾਹਰੋਂ-ਬਾਹਰ
ਕੁਝ ਰਿਹਾ ਨਾ ਅੰਦਰ

# ਆਉਂਦੀ ਰੁੱਤ ਦਾ ਖ਼ਿਆਲ

ਸਾਨੂੰ ਘਾਹ ‘ਤੇ ਟੁਰ ਕੇ ਕੀ ਲੱਭਣਾ ਉਸ ਰੁੱਤੇ
ਜਦੋਂ ਪੱਖੂ ਵੀ ਅੰਬਰਾਂ ‘ਤੇ ਲੱਭਣਾ ਕੋਈ ਨਹੀਂ
ਜਦੋਂ ਰੁੱਖਾਂ ਭੇਤ ਲੁਕਾਣੇ ਕੋਈ ਨਹੀਂ ਆਪਣੇ
ਜਦੋਂ ਸ਼ਹਿਰੀ ਅੱਖਾਂ ਸ਼ਾਮ ਦਿਹਾਤੀ ਕਰਨੀ ਨਹੀਂ
ਜਦੋਂ ਆਪਣੀਆਂ ਕੰਧਾਂ ਡੱਕ ਲੈਣਾ ਏ,
ਚੰਨ ਦਾ ਚਾਨਣ ਰਾਤੀਂ
ਜਦੋਂ ਚੁੱਪ ਬਾਗਾਂ ਵਿਚ ਖਿੜ ਪੈਣੇ ਨੇ ਵੈਣ
ਸਾਡੇ ਅੰਦਰ ਸਾਹਵਾਂ ਰੌਲ਼ਾ ਪਾਈ ਰੱਖਣਾ ਏ
ਸਾਡੀ ਆਪਣੇ ਨਾਲ ਲੜਾਈ ਚਲਦੀ ਰਹਿਣੀ ਏ

# ਰੋਜ਼ ਪੁਰਾਣੀ ਗਿਣਤੀ

ਪੀੜਾਂ ਨਿੱਤ ਪਹਾੜੋਂ ਆਈਆਂ
ਵਿਛੜੇ ਨਾਲ ਮਿਲਾਵਣ
ਅਸਾਂ ਨਾ ਬੂਹੇ ਖੋਲ੍ਹੇ
ਰਾਤਾਂ ਨਿੱਤ ਸੂਰਜ ਦਾ ਪਾਣੀ
ਦਿਨ ਕੌਲੀ ਵਿਚ ਭਰ ਕੇ
ਗਲੀ ਗਲੀ ਕੁਰਲਾਈਆਂ
ਜਗ ਸੁੱਤੇ ਦਾ ਸੁੱਤਾ
ਅੱਖਾਂ ਫੇਰ ਵਿਛੋੜੇ ਭਰੀਆਂ
ਕਣਕਾਂ ਵਿਹੜੇ ਲਾਈਆਂ
ਅਸੀਂ ਨਾ ਹੋਏ ਇਨਕਾਰੀ
ਨਿੱਤ ਜਿਨ੍ਹਾਂ ਦੀ ਵਾਰੀ।

# ਪੰਜਾਬ

ਸਾਡੇ ਅੱਥਰੂ ਸਸਤੇ ਪਾਣੀ ਤੋਂ
ਸਾਡੇ ਖ਼ਾਬ ਤੰਬਾਕੂ ਸੜਿਆ
ਸਾਡੀ ਪੀੜ ਜਗਤ ਦੀ ਖੇਡ।

## ਪਰਾਂਦਾ ਵੇਲ਼ੇ ਦਾ

ਮੈਂਡੇ ਦਿਨਾਂ ਦੀ ਬਣਾ ਕੇ ਗੁੱਤ
ਪਰਾਂਦਾ ਵੇਲ਼ੇ ਦਾ
ਪਈ ਹੱਸ-ਹੱਸ ਬੰਨਦੀ ਏਂ
ਮੈਂਡੇ ਨਾਂ ਦੇ ਸਵੇਰੇ ਅੜੀਏ
ਤੂੰ ਹੋਰਾਂ ਦੇ ਨਾਂ ਲਾ ਕੇ
ਬਹਾਰਾਂ ਵਟਦੀ ਏਂ
ਤੇ ਫੇਰ ਜਦੋਂ ਫੁੱਲ ਖਿੜਦੇ
ਗੁੰਨ੍ਹ ਅੱਖਾਂ ਦੀ ਉਦਾਸੀ ਮੈਂਡੀ
ਤੂੰ ਹੰਜੂਆਂ ਦੀ ਅੱਗ ਬਾਲ਼ੇਂ
ਧਰ ਹਾਂਡੀਆਂ ਪਕਾਵੇਂ ਸੰਗ
ਤੇ ਫੱਟ ਕੱਚੇ ਕਰਦੀ ਏਂ
ਵਿਛੋੜਿਆਂ ਤੋਂ ਡਰਦੀ ਏਂ
ਪਰਾਂਦਾ ਵੇਲ਼ੇ ਦਾ
ਪਈ ਪੀਲਾ ਰੰਗਦੀ ਏਂ।

## ਅੱਥਰੂ ਥੀਸਣ ਸੜਕਾਂ

ਨੀਲੇ-ਨੀਲੇ ਪਾਣੀ ਰੋਸਣ
ਉੱਚਾ-ਉੱਚਾ
ਨੀਵੀਆਂ-ਨੀਵੀਆਂ ਅੱਖਾਂ ਕਰ ਤਕਸਣ ਲੋਕੀ
ਵਾਵ੍ਹਾਂ ਕੂਕਾਂ ਮਾਰ ਕੇ ਜ਼ਮੀਂ ਸੀਨੇ ਲਗਸਣ
ਅੱਥਰੂ ਥੀਸਣ ਸੜਕਾਂ
ਅਸਾਂ ਇੰਜ ਫਾਹੇ ਨਹੀਂ ਲੱਗਣਾ ਜਿਵੇਂ
ਨਿੱਤ ਲਗਦੀ ਏ ਰਾਤ
ਚੁੱਪ-ਚੁਪੀਤੇ!

# ਹਿਜਰ ਆਵਾਜ਼ ਸੁਣੀਵੇ

ਕੌਣ ਭਲਾ ਤੈਂਡੇ ਨਾਲ ਸਵੇਰਾ ਵੇਖੇ
ਰਾਤਾਂ ਥੀ ਗਈਆਂ ਅੱਖਾਂ
ਕੌਣ ਭਲਾ ਤੇਰੇ ਨੇੜੇ ਰਹਿ ਕੇ
ਹਿਜਰ ਆਵਾਜ਼ ਉਡੀਕੇ
ਦੂਰ ਦਾ ਰੋਜ਼ਾ ਭੰਨ ਕੇ
ਕੌਣ ਭਲਾ ਤੇਰੇ ਨਾਲ ਹਵਾਵਾਂ ਟੋਰੇ
ਸ਼ਾਮ ਦੀ ਹਾਂਡੀ ਧਰ ਕੇ
ਕੌਣ ਭਲਾ ਤੇਰੀ ਦੀਦ ਦਾ ਦਫ਼ਤਰ ਖੋਲ੍ਹੇ
ਘੜੀਆਂ ਅੱਗੇ ਕਰ ਕੇ
ਰਾਤ ਦਾ ਥਰਮਸ ਭਰ ਕੇ।

# ਹੋਣੀ ਕਹਾਣੀ

ਸਾਨੂੰ ਖਾ ਗਈਆਂ ਮਜ਼ਦੂਰੀਆਂ
ਸਾਨੂੰ ਨਹੀਂ ਪਚੇ ਦਰਿਆ
ਸਾਨੂੰ ਸ਼ਹਿਰੋਂ ਬਾਹਰ
ਪਰਾਏ ਹੱਥਾਂ ਸੰਗਲ ਪਾਏ
ਕਿਸੇ ਨਾ ਟੁੱਕਰ ਪੁੱਛਿਆ
ਸਾਡੀ ਐਨਕ ਰਹਿ ਗਈ ਹਸਦੀ
ਰਹਿ ਗਏ ਸਾਡੇ ਫੋਟੋ ਵਿਚ ਅਖ਼ਬਾਰਾਂ
ਅਸੀਂ ਆਪ ਨਾ ਰਹੇ।

# ਟੁਟਦੀ ਜਿੰਦ ਦਾ ਮਾਹੀਆ

ਦਿਨ ਦਰਿਆ ਬੇ-ਮਹਿਰਾ ਹੋਇਆ
ਸੱਜਣਾ ਰਾਤ ਬਿਨਾਂ
ਅਰਕਾਂ ਭਾਰ ਨਾ ਪੈਂਡੇ ਹੁੰਦੇ
ਭਾਵੇਂ ਟੁਰੇ ਹਵਾ
ਅੱਖਾਂ ਉੱਤੇ ਬਾਂਹ ਰੱਖ ਸੋਈਏ
ਦੁੱਖ ਨਹੀਂ ਬੁੱਢੇ ਥੀਂਦੇ
ਬੱਦਲਾਂ ਨਾਲ ਜੋ ਯਾਰੀ ਲਾਈਏ
ਸਾਵਣ ਰੋਜ਼ ਮਹੀਨੇ।

## ਵੇਲ਼ੇ ਦਾ ਖ਼ਾਰਾ ਪਾਣੀ

ਯਾਰਾਂ ਸਾਲਾਂ ਬਾਦ੍ਹ ਸਹੇਲੀ
ਹਰ ਸ਼ੈਅ ਫਿੱਕੀ ਥੀ ਗਈ
ਰੱਤੇ ਲਾਲ ਪਰਾਂਦੇ ਤੇਰੇ
ਭੂਰੇ ਲਗਦੇ ਨੇ
ਅੱਧੇ-ਅੱਧੇ ਲੋਕੀ ਮੈਨੂੰ
ਪੂਰੇ ਲਗਦੇ ਨੇ।

# ਨਿਮਾਸ਼ੀ ਵੇਲ਼ੇ ਦਾ ਵੈਣ

ਦੁੱਖ ਦਰਦਾਂ ਨੂੰ ਭਾਵੇਂ ਕਰੋ ਸਟੈਪਲ
ਪਿੰਨਾਂ ਲਾ-ਲਾ ਹੱਸੇ ਰੱਖੋ ਮੇਜ਼ਾਂ ਉੱਤੇ
ਕੁਝ ਨਹੀਂ ਹੋਣਾ
ਪਿਰਛ ਪਿਆਲੀਆਂ ਧੋ-ਧੋ ਭਾਵੇਂ
ਸਾਰੀ ਸਾਰੀ ਰਾਤ ਉਡੀਕੋ
ਕਿਸੇ ਨਹੀਂ ਆਉਣਾ!

# ਹਿੱਕ ਕਮਰੇ ਦਾ ਪੈਂਡਾ

ਕਦੀ ਕਦਾਰ ਤਾਂ ਆਪਣਾ ਆਪ
ਪਰਾਇਆ ਹੋਵਣ ਲਗਦਾ ਏ
ਕਦੀ ਕਦਾਰ ਤਾਂ ਹਿੱਕੋ ਘਰ 'ਇਚ
ਹਿਜਰਤ ਕਰਨੀ ਪੈਂਦੀ ਏ
ਹਿੱਕ ਕਮਰੇ ਦਾ ਪੈਂਡਾ ਉਮਰੀਂ ਮੁਕਦਾ ਨਹੀਂ
ਕਦੀ ਕਦਾਰ ਤਾਂ ਯਾਰ ਮਿਲਣ ਦੇ ਨਾਲ
ਵਿਛੋੜਾ ਟੁਟਦਾ ਨਹੀਂ।

## ਨੀ ਸੁੱਤੀਏ, ਜਾਗੀਂ ਨਾ

ਦਿਨ ਚੜ੍ਹਿਆ ਅੱਜ ਪੋਲੇ ਪੈਰੀਂ
ਚੋਰਾ ਵਾਂਗਣ ਵੀਣੀ
ਲਿਖੇ ਮੈਂਡਾ ਨਾਂ
ਨੀ ਸੁੱਤੀਏ ਜਾਗੀਂ ਨਾ
ਲੱਕ ਤੈਂਡੇ ਦੀਆਂ ਧੁੱਪਾਂ ਅੰਦਰ
ਗੁੰਨਸਾਂ ਆਪਣੀ ਛਾਂ
ਨੀ ਸੁੱਤੀਏ ਜਾਗੀਂ ਨਾ
ਵਿਖਰਿਆਂ ਵਾਲ਼ਾਂ ਅੰਦਰ ਲੱਭਣੀ
ਸੌਣ ਲਈ ਕੁਝ ਥਾਂ
ਨੀ ਸੁੱਤੀਏ ਜਾੱਗੀਂ ਨਾ
ਬੰਦ ਅੱਖੀਆਂ ਦੇ ਥੱਲੇ ਬਹਿ ਕੇ
ਸੁਖ਼ਨ ਕਰੇਂਦਾ ਰਾਂ
ਨੀ ਸੁੱਤੀਏ ਜਾਗੀ ਨਾ।

# ਭਲੀਏ ਲੋਕੇ

ਭਲਾ ਕਿਹੜੇ ਮੋੜ ਖਲੋਸੀ ਵਗਦਾ ਪਾਣੀ
ਕਿਹੜੇ ਵੇਲ਼ੇ ਪੂਰੀ ਹੋਸੀ
ਅੱਖਾਂ ਦੀ ਮਜ਼ਦੂਰੀ
ਕਿਹੜੇ ਵੇਲ਼ੇ ਸੀਨੇ ਟੁਰਸੀ
ਸੱਜਣਾ ਦੀ ਕਕਕੁਸ਼ਬੋ
ਭਲੀਏ ਲੋਕੇ!
ਨਾ ਰੋਇਆ ਕਰ ਮੰਜੀਆਂ ਘੱਤ-ਘੱਤ ਵਿਹੜੇ
ਨਾ ਕੀਤਾ ਕਰ ਰੋਜ਼ ਦੁਆਈਂ ਫ਼ਜ਼ਰੀਂ
ਨਾ ਤੱਕਿਆ ਕਰ ਚੁੱਕ-ਚੁੱਕ ਅੱਡੀਆਂ ਸ਼ਾਮੀਂ
ਇੰਜ ਨਹੀਂ ਤੈਂਡਿਆਂ ਸਾਹਵਾਂ ਬੰਨ ਲਿਆਵਣੇ
ਇੰਜ ਨਹੀਂ ਅਜ਼ਲ ਗਵਾਚੇ ਵਾਪਿਸ ਆਉਣੇ

ਜਿਹੜੇ ਭੁੱਲ-ਭੁਲੇਖੇ
ਤੈਂਡਿਆਂ ਖ਼ਾਬਾਂ 'ਚੋਂ ਨਿਕਲੇ
ਨਿੱਤ ਪਏ ਕਾਫ਼ਿਰ ਹੋਣੇ!

## ਹਾੜ

ਤਾਕੀ ਖੋਲ੍ਹ ਅਸਮਾਨੀਂ
ਘੱਲ ਸੁਨੇਹੜੇ ਅਗਲੀ ਪਿਛਲੀ ਰੁੱਤਾਂ ਦੇ
ਤਰਲੇ ਪਾ ਹੱਥ ਉੱਚੇ ਕਰ-ਕਰ
ਗੋਡੇ ਜ਼ਮੀਂ ਧਰ ਕੇ
ਨੈਣ ਨਿਮਾਣੇ ਇੰਜ ਵੇਖਣ
ਜਿਵੇਂ ਬੱਦਲਾਂ ਵੱਲ ਵੇਖੇ
ਮੀਂਹ ਅਸਮਾਨੀਂ ਵੱਸਣ
ਕੰਨੀ ਨਾ ਲੱਥੇ ਹੇਠਾਂ

ਵੇ ਸੁੱਕੀਆਂ ਦਿਆ ਪੀਰਾ!
ਕਿਹੜੇ ਗੱਲ ਰੁਸੀਮੇ ਪਾਏ ਨੀ
ਉੱਤੇ ਬਹਿ ਕੇ
ਸੀਨਾ-ਸੀਨਾ ਤੱਕੀ ਜਾਂਦਾ ਏਂ
ਹਿੱਕੋ ਰੁੱਤ ਨੂੰ ਖੇਡ ਖੇਡ ਕੇ
ਹੱਸੀ ਜਾਂਦਾ ਏਂ।

# ਅਸੀਂ

ਕਹਿੜੀ ਰੁੱਤ ਦੇ ਚਿੱਕੜ ਅਸੀਂ
ਕਿਹੜੇ ਦਰਿਆਵਾਂ ਦੇ ਹਾਣੀ
ਖ਼ਬਰ ਮਿਲੇ ਤਾਂ ਦੱਸੀਂ

ਕਿਹੜੇ ਇਸ਼ਕ ਦਾ ਵੇਲ਼ਾ ਅਸੀਂ
ਕਿਹੜੀ ਸ਼ਾਮ ਦਾ ਸੂਰਜ
ਮੋੜ ਸਕੇਂ ਤਾਂ ਦੱਸੀਂ

ਕਿਹੜੇ ਹਰਫ਼ ਦੀ ਬਰਕਤ ਅਸੀਂ
ਕਿਹੜੀ ਪੀੜ ਦਾ ਪਾਣੀ
ਜੋੜ ਸਕੇਂ ਤਾਂ ਦੱਸੀਂ

ਕਿਹੜੀ ਰਾਤ ਦੀ ਨੀਂਦਰ ਅਸੀਂ
ਕਿਹੜੇ ਦਿਨ ਦੇ ਤਾਰੇ
ਤੋੜ ਸਕੇਂ ਤਾਂ ਦੱਸੀਂ

ਕਿਹੜੇ ਘਰ ਦਾ ਵਿਹੜਾ ਅਸੀਂ
ਕਿਹੜੇ ਦੇਸ ਦੀ ਗਲੀਆਂ
ਛੋੜ ਸਕੇਂ ਤਾਂ ਦੱਸੀਂ

## ਜੀਵਨ ਲੇਖਾ

ਆਸ ਦੇ ਰੁੱਖਾਂ
ਬਖ਼ਸ਼ੀ ਨਿੱਤ ਬੇ-ਆਸੀ
ਵਿਰਲੇ-ਵਿਰਲੇ ਅੱਖਰ ਪੌਲੇ ਪੈਰੀਂ
ਸਾਡਿਆਂ ਹੋਠਾਂ ਉੱਤੇ ਲੱਥੇ
ਪਰ ਨਾ ਬੋਲਣ ਹੋਏ
ਇਸ਼ਕ ਕਿਤਾਬਾਂ ਅੰਦਰ ਵੱਖਰੇ
ਜੋੜ ਨਾ ਜੋੜਨ ਹੋਏ
ਜਿਹੜੇ ਉਣ-ਉਣ ਰੱਖੇ ਅੱਖੀਂ
ਖ਼ਾਬ ਨਾ ਟੋਰਨ ਹੋਏ
ਜਿਹੜੇ ਵਿਚ ਰੱਤਾਂ ਦੇ ਉਧੜੇ
ਦਿਨੇ ਨਾ ਸੀਵਣ ਹੋਏ
ਇੰਜ ਵੀ ਜੀਵਣ ਹੋਏ।

# ਤਿਤਲੀ ਦਾ ਵੈਣ

ਮੈਂ ਵੈਣ ਕਰੇਸਾਂ ਖੁੱਲ ਕੇ
ਇਨ੍ਹਾਂ ਫੁਟ-ਪਾਥਾਂ 'ਤੇ ਰੁਲ਼ ਕੇ
ਉਨ੍ਹਾਂ ਬਾਲਾਂ ਦੇ
ਜਿਨ੍ਹਾਂ ਤੱਕਣਾ ਕੋਈ ਨਾ ਤੈਨੂੰ
ਜਿਨ੍ਹਾਂ ਨੱਸਣਾ ਕੋਈ ਨਾ ਤੈਂਡਿਆਂ ਰੰਗਾਂ ਪਿੱਛੇ
ਜਿਨ੍ਹਾਂ ਕੋਲ ਨਾ ਹੋਣਾ ਟੈਮ ਹਵਾਵਾਂ ਟੋਰਨ ਦਾ,
ਧੁੱਪ ਮੋੜਨ ਦਾ
ਜਿਨ੍ਹਾਂ ਅੱਖੀਂ ਭਰ ਕੇ ਨੈਣ ਸਮੁੰਦਰ ਤੱਕਣੇ ਨਹੀਂ
ਜਿਨ੍ਹਾਂ ਯਾਦ ਸਵੇਰੇ ਰੱਖਣੇ ਨਹੀਂ
ਜਿਨ੍ਹਾਂ ਬਲਬਾਂ ਹੇਠ ਹਯਾਤੀ ਅੰਨੀਂ ਕਰਨੀ ਏ
ਜਿਨ੍ਹਾਂ ਸੜਕਾਂ ਉੱਤੇ ਨੀਂਦਰ ਪੂਰੀ ਕਰਨੀ ਏ
ਕਿਨ੍ਹਾਂ ਵਾਸਤੇ ਛੱਡ ਕੇ ਆਈ ਏਂ ਜੰਨਤ ਜੰਗਲਾਂ ਦੀ?
ਪੁਸ਼ਤਾਂ ਕਾਣੀਆਂ ਕਰ ਬੈਠੀ ਏਂ
ਸ਼ਹਿਰ ਮੇਰੇ ਦੀਆਂ ਰਾਹਵਾਂ 'ਤੇ!

# ਆਖ਼ਰੀ ਦਿਨ

ਨਿਤ ਸੂਰਜ ਪਏ ਚੜ੍ਹਨੇ ਇੱਥੇ
ਨਿਤ ਛਾਵਾਂ ਧੁੱਪ ਓਹਲੇ ਕਰਨੀ
ਨਿੱਤ ਗਲੀਆਂ ਵਿਚ ਬੂਹੇ ਖੁੱਲਣੇ
ਦੂਰ ਗਿਆਂ ਦੀ ਆਸ 'ਚ
ਨਿਤ ਅੱਖਾਂ ਵਿਚ ਬਾਰਿਸ਼ ਹੋਣੀ
ਸ਼ਾਮ ਕਹਾਣੀ ਸੁਣ ਕੇ
ਰੋਜ਼ ਦਿਹਾੜਾ, ਰੋਜ਼ ਦਿਹਾੜੇ ਵਰਗਾ ਹੋਣਾ
ਤੈਂਡੇ ਕੋਲ ਉਹ ਕੁੰਜੀ ਹੋਣੀ
ਖੁੱਲਣੇ ਜਿਸ ਨਾਲ ਦਿਲ ਦਰਦਾਂ ਦੇ ਤਾਲ਼ੇ
ਫਿਰਨਾ ਜਿਸ ਦੇ ਨਾਲ ਦਿਨਾਂ ਦਾ ਪਹੀਆ
ਲੱਥ ਪੈਣਾ ਉਹ ਦਿਨ ਜਿਹੜਾ,
ਤੈਂਡੀ ਵੀਣੀ ਉੱਤੇ ਲਿਖਿਆ ਮੈਂਡਿਆਂ ਹੱਥਾਂ
ਜਿਸ ਵੇਲ਼ੇ ਉਹ ਦਿਨ ਲੱਥੇਗਾ ਅੜੀਏ
ਉਸ ਵੇਲ਼ੇ ਮੈਂ ਤੇਰੇ ਨਾਲ ਨਹੀਂ ਹੋਣਾ।

# ਉਹਨੇ ਆਖਿਆ!

ਉਹਨੇ ਆਖਿਆ
ਪਰਦੇਸੀਆਂ ਦੇ ਗਾਵਣ ਕਿਤੋਂ ਹੋਨਦਿਣ ਭਲਾ
ਉਨ੍ਹਾਂ ਦੇ ਤਾਂ ਵੈਣ ਅਈ ਹੋਨਦਿਣ
ਤੇ ਅਸੀਂ ਤਾਂ ਉਹੋ ਪੱਖੋ ਆਂ
ਜਿਹੜੇ ਦੇਸ ਵਿਚ ਹੋਂਦਿਆਂ ਪਰਦੇਸੀ ਹੋਏ
ਅਸੀਂ ਤਾਂ ਉਹ ਕੈਦੀ ਆਂ
ਜਿਨ੍ਹਾਂ ਦੀਆਂ ਗੰਢਾਂ
ਦੰਦਾਂ ਨਾਲ ਵੀ ਨਹੀਂ ਖੁਲ੍ਹੀਆਂ
ਜਿਹੜੇ ਆਪਣੀ ਭੋਈਂ ਤੇ ਕੋਠੀ ਲੱਗੇ,
ਰੱਸੀਆਂ ਦੇ ਵੱਟ ਗਿਣ-ਗਿਣ ਬੁੱਢੇ ਹੋਏ!

# ਪ...ਪਿੰਜਰਾ

ਅਸੀਂ ਗ਼ੁਲਾਮ ਘਰਾਂ ਦੇ ਪਲੇਠੀ ਦੇ ਪੁੱਤਰ
ਹਿੱਕ ਦੂਜੇ ਦੀਆਂ ਜ਼ੰਜੀਰਾਂ ਵਾਂ
ਅਸੀਂ ਤਸਵੀਰ ਵਾਂ ਉਸ ਐਲਬਮ ਦੀਆਂ
ਜਿਹਨੂੰ ਖੋਲ੍ਹਣ ਆਲੇ
ਆਪੇ ਬੰਦ ਹੋ ਚਹੱਕੇ ਨੇ
ਆਪਣੀਆਂ ਅੱਖਾਂ ਸਮੇਤ
ਪਿੰਜਰੇ ਨੂੰ ਤਾਲਾ ਲੱਗ ਗਿਆ ਏ
ਤੇ ਚਾਬੀ ਉਨ੍ਹਾਂ ਦੇ ਹੱਥ ਏ
ਜਿਨ੍ਹਾਂ ਦੇ ਹੱਥ ਈ ਕੋਈ ਨਹੀਂ
ਉਨ੍ਹਾਂ ਟੀ।ਵੀ। ਚੈਨਲ ਖੋਲ੍ਹ ਲਏ ਨੇ
ਜਿੱਥੇ ਬੈਠੇ ਮਦਾਰੀ,
ਬਾਂਦਰ ਨਚਾਈ ਜਾ ਰਹੇ ਨੇ

ਰਿੱਛ ਤੇ ਕੁੱਤੇ ਦੀ ਭੈੜੀ ਜਾਰੀ ਏ
ਕਿਤਾਬਾਂ ਬੰਦ ਤੇ ਟੀ^ਵੀ। ਖੁੱਲ੍ਹੇ ਨੇ
ਤੇ ਪਿੰਜਰੇ ਅੰਦਰ ਬਿਮਾਰੀ ਫੇਲਣ ਵਿਚ
ਬੱਸ ਹਿੱਕ ਟਾਕ-ਸ਼ੋਅ ਦਾ ਵਕਫ਼ਾ ਰਹਿ ਗਿਆ ਏ!

# ਵੇਲੇ ਦੀ ਕੰਧ

ਚੱਲ
ਵੇਲ਼ੇ ਦੀ ਕੰਧ ਪਾ ਕੇ
ਉਹਨੂੰ ਪਾਰ ਕਰੀਏ
ਕੱਲਿਆਂ-ਕੱਲਿਆਂ
ਤਾਂ ਗੁਆਚ ਜਾਈਏ
ਹਿੱਕ-ਦੂਜੇ ਦੀ ਖੋਜ ਵਿਚ

# ਮੈਨੂੰ ਛੱਡ ਕੇ

ਉਦੋਂ ਜਾਈਂ
ਜਦੋਂ ਮੈਂ ਸੁੱਤਾ ਹੋਵਾਂ
ਜਦੋਂ ਮੈਂਡੀਆਂ ਅੱਖਾਂ ਇਚ
ਰਾਤ ਦੇ ਖ਼ਾਬ
ਹਾਲੀਂ ਜੱਗੇ ਨਾ ਹੋਵਣ
ਜਦੋਂ ਮੈਂਡੀ ਨੀਂਦਰ ਪੱਕੀ
ਤੇ ਅੱਖਾਂ ਕੱਚੀਆਂ ਹੋਵਣ
ਜਦੋਂ ਸੂਰਜ ਦਾ ਥਕੇਵਾਂ,
ਹੱਲੀਂ ਲੱਥਾ ਨਾ ਹੋਵੇ
ਜਦੋਂ ਰਾਤ ਦੀ ਮੰਜੀ ਉੱਤੇ
ਸਵੇਰ ਸੁੱਤੀ ਹੋਵੇ
ਜੀਉਣ ਜੋਗਿਆ!
ਉਦੋਂ ਜਾਈਂ
ਜਦੋਂ ਕੋਈ ਨਈਂ ਜਾਂਦਾ!

# ਤੇ ਫੇਰ

ਤੇ ਫੇਰ
ਹਿੱਕ ਦਿਨ
ਚੰਨ ਮੈਂਡੇ ਸੀਨ੍ਹੇ ਲੱਥਾ
ਕਾਲਾ ਧੂੰ
ਕੋਝਾ
ਭਤੂੰਨਾ
ਡੱਬ-ਖੜੱਬਾ
ਤੇ ਮੈਂ ਚੀਕਾਂ ਮਾਰਦਾ
ਖ਼ਾਬੋਂ ਬਾਹਿਰ ਨਿਕਲ ਆਇਆ

# ਸੋਹਰੀ ਦਾ

ਇਹ ਮੀਂਹ
ਸੋਹਰੀ ਦਾ
ਰੁਕਦਾ ਕਿਉਂ ਨਈਂ
ਕਣੀਆਂ ਅੰਦਰ ਸਲਾਬ੍ਹਾ ਕਰਿਆ!